# ਗੁਰੂ ਸਤਿਗੁਰੂ

## ਭਾਗ-2

ਤ੍ਰੈ-ਗੁਣੀ ਮਾਇਕੀ ਮੰਡਲ ਵਿਚ **ਹਉਮੈ** ਦਾ ਪਸਾਰਾ ਹੈ ਅਤੇ **ਮੈਂ-ਮੇਰੀ** ਦਾ ਬੋਲ-ਬਾਲਾ ਹੈ । ਇਸ ਲਈ ਜੀਵ ਕੁਦਰਤੀ ਤੌਰ ਤੇ **ਨਿਜ-ਸੁਆਰਥੀ** ਹੈ । **ਮੈਂ-ਮੇਰੀ ਦਾ ਸਿਮਰਨ ਹੀ ਸਾਡਾ ਜੀਵਨ ਰੂਪ ਬਣਿਆ ਹੋਇਆ ਹੈ ।** ਮੈਂ-ਮੇਰੀ ਦੀ ਭਾਵਨਾ ਵਿਚੋਂ ਸੁਆਰਥ (selfishness) ਉਪਜਦਾ ਹੈ । ਸਾਡੇ ਚੁ

ਖਿਆਲ
ਆਸਾ-ਮਨਸਾ
ਤ੍ਰਿ ਨਾ
ਰੀਝਾਂ
ਕਰਮ-ਕਾਂਡ
ਪਰਮਾਰਥ

ਭੀ **ਨਿਜੀ-ਸੁਆਰਥ ਦੇ ਦੁਆਲੇ ਘੁੰਮਦੇ ਹਨ।** ਆਪਣੀ **ਖੁਦ ਗਰ ੀ ਦੇ ਦਾਇਰੇ ਤੋਂ ਬਾਹਰ** ਅਸੀਂ ਕੋਈ ਖਿਆਲ, ਇੱਛਾ, ਉਦਮ ਅਤੇ ਕਰਮ ਕਰਨ ਨੂੰ ਤਿਆਰ ਹੀ ਨਹੀਂ ।

**ਇਸ ਤੋਂ ਉਲਟ ਕੋਈ ਵਿਰਲਾ ਗੁਰਮੁਖ ਹੀ ਪਰ ਸੁਆਰਥੀ ਅਥਵਾ ਪਰਉਪ-ਕਾਰੀ ਹੁੰਦਾ ਹੈ ।**

ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥ (ਪੰਨਾ-273)

All our thoughts, desires, efforts and actions revolve around our selfishness of 'I, me and mine' People who think and act unselfishly are rare.

ਦੂਜੇ ਲੰ ਾਂ ਵਿਚ ਸਾਡੇ ਜੀਵਨ ਦੀ ਕਿ ਤੀ **ਦੇ** ਚੱਪੂ ਆਸਾ-ਮਨਸਾ ਹਨ ਅਤੇ ਇਹਨਾਂ ਚੱਪੂਆਂ ਨੂੰ ਚਲਾਉਣ ਵਾਲੀ ਸਾਡੀ **ਮੈਂ-ਮੇਰੀ** ਅਥਵਾ ਹਉਮੈ ਹੀ ਹੈ ।

ਜੀਵ ਦੀ ਕਤੀ **ਸੀਮਤ** ਹੋਣ ਕਾਰਣ, ਜਦ ਇਸ ਦੀ ਆਸਾ-ਮਨਸਾ ਆਪਣੀ **ਨਿਜੀ ਕਤੀ** ਨਾਲ ਪੂਰੀ ਨਹੀਂ ਹੁੰਦੀ ਤਾਂ ਇਹ ਕਿਸੇ ਉਚੇਰੀ **ਵੱਡੀ ਕਤੀ** ਦਾ ਆਸਰਾ ਲਭਦਾ ਹੈ ।

ਇਸ ਤਰ੍ਹਾਂ ਇਹ ਕਿਸੇ ਸੁਣੀ-ਸੁਣਾਈ, ਸਮਝੀ-ਸਮਝਾਈ **ਮਨੋਕਲਪਤ ਵਡੇਰੀ ਕਤੀ ਦੀ ਟੇਕ ਲੈਂਦਾ ਹੈ ।**

ਦ੍ਰਿਟਮਾਨ ਸਥੂਲ ਮਾਇਕੀ ਮੰਡਲ ਦੇ ਅੰਧੇਰ ਖਾਤੇ ਅੰਦਰ **ਭਰਮ-ਭੁਲੇਖਿਆਂ** ਦੇ **ਨਿਸਚੇ** ਅਤਿਅੰਤ ਦ੍ਰਿੜ੍ਹ, ਗੂੜ੍ਹੇ, ਗਹਿਰੇ ਅਤੇ ਕਤੀਮਾਨ ਹੋ ਚੁਕੇ ਹਨ । ਸੂਖਮ ਆਤਮ ਪ੍ਰਕਾ ਮੰਡਲ ਦੇ ਤਤ ਗਿਆਨ ਤੋਂ **ਅਗਿਆਤ ਯਾ ਕੋਰੇ ਹੋਣ ਕਾਰਣ,** ਅਸੀਂ ਭਰਮ ਦੀ ਅਗਿਆਨਤਾ ਵਿਚ ਰੱਬ ਅਥਵਾ ਪਰਮਾਤਮਾ, ਗੁਰੂ, ਅਵਤਾਰਾਂ ਅਤੇ ਦੇਵੀ ਦੇਵਤਿਆਂ ਦੀ ਬਾਬਤ ਆਪੋ-ਆਪਣੀ ਅਲਪ-ਬੁੱਧੀ ਅਨੁਸਾਰ **ਮਨੋਕਲਪਤ ਸਰੂਪ,** ਰੰਗ, ਭੇਖ, ਗੁਣ ਅਤੇ ਨਾਮ ਆਦਿ ਘੜੇ ਹੋਏ ਹਨ । ਇਸ ਕਾਰਨ ਭਿੰਨ-ਭਿੰਨ ਚੁ

ਦੇ ਾਂ

ਕੌਮਾਂ

ਧਰਮਾਂ

ਫਿਰਕਿਆਂ

ਨਸਲਾਂ

ਜਾਤਾਂ

ਕੋੜਮਿਆਂ

ਵਿਚ ਭਿੰਨ-ਭਿੰਨ ਨਾਵਾਂ ਹੇਠ, ਭਿੰਨ-ਭਿੰਨ ਦੇਵੀ-ਦੇਵਤੇ, ਪੀਰ-ਪੈਗੰਬਰ ਅਤੇ ਔਲੀਏ ਆਦਿ **ਮੰਨੇ ਜਾ ਰਹੇ ਹਨ,** ਜਿਸ ਤਰ੍ਹਾਂ ਕਿ ਚੁ

ਅਗਨੀ ਦੇਵਤਾ

ਪਵਨ ਦੇਵਤਾ

ਪਾਣੀ ਦੇਵਤਾ

ਚੰਦ ਦੇਵਤਾ

ਸੂਰਜ ਦੇਵਤਾ

ਕਾਲੀ ਮਾਤਾ

ਚੰਡੀ ਮਾਤਾ

ਖੁਆਜਾ ਦੇਵਤਾ

ਮੂਸਾ ਦੇਵਤਾ

ਆਦਿ, ਅਨੇਕਾਂ ਤੇਤੀਂ ਕਰੋੜ ਦੇਵੀ-ਦੇਵਤੇ ਅਤੇ ਕਈ ਕਿਸਮ ਦੇ ਜਾਨਵਰ ਅਤੇ ਦਰੱਖਤ ਆਦਿ ਭੀ ਮੰਨੇ ਅਥਵਾ **ਪੂਜੇ ਜਾਂਦੇ ਹਨ।**

ਇਸੇ ਤਰ੍ਹਾਂ ਅਸੀਂ ਆਪੋ-ਆਪਣੇ ਮਨੋਕਲਪਤ ਖਿਆਲਾਂ ਦੁਆਰਾਂ ਅਨੇਕਾਂ **ਕਲਾਂ ਅਤੇ ਕਤੀਆਂ** ਵਾਲੇ ਦੇਵੀ-ਦੇਵਤੇ ਅਤੇ ਪੀਰ-ਪੈਗੰਬਰ ਆਦਿ **ਘੜੇ** ਹੋਏ ਹਨ । ਇਹਨਾਂ ਦੇ ਬੁਤਾਂ ਅਥਵਾ ਤਸਵੀਰਾਂ ਤੋਂ ਾਹਰ ਹੁੰਦਾ ਹੈ ਕਿ ਅਸੀਂ ਕਿਸੇ ਦੇਵਤੇ ਨੂੰ ਚੁ

**ਸੁੰਡ** ਲਾ ਦਿਤੀ ਹੈ

**ਦਹਿ ਸਿਰ** ਲਾ ਦਿਤੇ ਹਨ

**ਚਾਰ ਬਾਹਾਂ** ਲਾ ਦਿਤੀਆਂ ਹਨ

**ੇਰ** ਉਤੇ ਬੈਠਾ ਦਿਤਾ

**ਬਲਦ** ਉਤੇ ਬਹਾ ਦਿਤਾ

**ਡਰਾਉਣੀ ਕਲ** ਘੜ ਦਿਤੀ

ਅਤੇ **ਹੋਰ ਭੀ ਮਨੋਕਲਪਤ ਅਨੇਕਾਂ ਸਰੂਪ ਘੜੇ ਹੋਏ ਹਨ ।**

ਇਹ **ਮਨੋਕਲਪਤ ਦੇਹਧਾਰੀ** ਗੁਰੂ-ਦੇਵੀ-ਦੇਵਤੇ **ਨਾਸਵੰਤ ਹਨ,** ਪਰ **ਸਬਦ** ਅਥਵਾ **ਜੋਤ ਸਰੂਪੀ ਸਤਿਗੁਰੂ** ਅਬਿਨਾਸੀ ਜੁਗਾਂ-ਜੁਗਾਂ ਵਿਚ **ਆਦਿ ਅੰਤਿ ਏਕੈ ਅਵਤਾਰਾ** ਹੈ ।

**ਦੇਹਧਾਰੀ ਗੁਰੂ** ਇਕ ਦੇਸੀ ਅਥਵਾ **ਇਕ ਜਗ੍ਹਾ ਤੇ ਵਿਚਰ ਸਕਦਾ ਹੈ**,ਪਰ **ਸਬਦ-ਗੁਰੂ ਸਰਬ ਥਾਈਂ ਰਵਿ ਰਹਿਆ ਭਰਪੂਰ ਹੈ** । ਇਸ ਲਈ **ਦੇਹਧਾਰੀ ਗੁਰੂ** ਸਾਰਿਆਂ ਦੇ ਸਦਾ ਅੰਗ-ਸੰਗ ਨਹੀਂ **ਹੋ ਸਕਦਾ,** ਪਰ **ਸਬਦ ਗੁਰੂ** ਸਾਰਿਆਂ ਜੀਵਾਂ ਦੇ **ਸਦਾ ਅੰਗ ਸੰਗੇ** ਹੈ ।

ਮਨੋਕਲਪਤ ਦੁਨਿਆਵੀ ਗੁਰੂ ਅਤੇ ਦੇਵੀ-ਦੇਵਤਿਆਂ ਦੀ **ਕਤੀ ਸੀਮਤ ਹੁੰਦੀ ਹੈ,** ਪਰ ਸਬਦ-ਗੁਰੂ ਦੀ ਆਤਮਿਕ ਕਤੀ ਅਨੰਤ ਅਥਵਾ **ਸਭਨਾਂ ਗਲਾਂ ਸਮਰਥ** ਹੈ।

ਸਬਦਿ ਗੁਰੂ ਭਵ ਸਾਗਰੁ ਤਰੀਐ ਇਤ ਉਤ ਏਕੋ ਜਾਣੈ ॥
ਚਿਹਨੁ ਵਰਨੁ ਨਹੀ ਛਾਇਆ ਮਾਇਆ ਨਾਨਕ ਸਬਦੁ ਪਛਾਣੈ ॥ (ਪੰ.-944)

ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥ (ਪੰਨਾ-635)

ਅਸੀਂ ਇਹਨਾਂ ਮਨੋਕਲਪਤ ਦੇਵੀ-ਦੇਵਤਿਆਂ ਨੂੰ **ਆਪੋ-ਆਪਣੇ ਚੁ**

ਖਿਆਲਾਂ ਦੀ ਕਸਵੱਟੀ ਨਾਲ ਚੁਣਿਆ ਹੈ ।

ਨਿਸਚਿਆਂ ਅਨੁਸਾਰ ਵਡਿਆਈ ਦਿੰਦੇ ਹਾਂ ।

ਰਧਾ-ਭਾਵਨੀ ਨਾਲ ਸੇਵਾ ਕਰਦੇ ਹਾਂ ।

ਅਨੇਕਾਂ ਤਰੀਕਿਆਂ ਨਾਲ ਪੂਜਾ ਕਰਦੇ ਹਾਂ ।

**ਨਿਜੀ ਸੁਆਰਥਾਂ ਲਈ ਵਰਤਦੇ ਹਾਂ ।**

ਵੇਖਿਆ ਜਾਂਦਾ ਹੈ, ਕਿ ਲੋਕਾਂ ਨੇ **ਕਿਸੇ ਨ ਕਿਸੇ** ਦੇਵੀ-ਦੇਵਤੇ ਨੂੰ ਮੰਨਿਆ ਹੋਇਆ ਹੈ । ਪਰ ਫੇਰ ਭੀ ਉਹਨਾਂ ਦੇ ਮਾਇਕੀ **ਭਰਮ-ਭੁਲਾਵੇ ਦਾ ਬੱਜਰ-ਕਪਾਟ ਨਹੀਂ ਖੁਲ੍ਹਦਾ** ਅਤੇ ਨਾ ਹੀ ਉਹਨਾਂ ਦੇ ਮਾਨਸਿਕ ਜਾਂ ਆਤਮਿਕ ਜੀਵਨ ਵਿਚ ਕੋਈ ਂਰਕ ਪੈਂਦਾ ਹੈ । ਉਹ **ਗੁਰੂ ਵਾਲੇ** ਅਖਵਾਉਂਦੇ ਹੋਏ ਵੀ, ਉਸੇ ਤਰ੍ਹਾਂ **ਮੋਹ-ਮਾਇਆ** ਦੇ ਹਨੇਰੇ ਵਿਚ ਗਲਤਾਨ ਹਨ । ਉਹਨਾਂ ਦੇ ਅੰਦਰ ਆਤਮਿਕ **ਤੱਤ ਗਿਆਨ ਦਾ ਚਾਨਣ ਨਹੀਂ ਹੁੰਦਾ।** ਤਾਂ ਤੇ ਸਪ ਟ ਹੈ, ਕਿ ਉਹਨਾਂ ਨੂੰ ਹਾਲੇ **ਪੂਰਾ-ਸੱਚਾ-ਗੁਰੂ ਨਹੀਂ ਲੱਭਾ ।** ਉਹ ਅਖੌਤੀ ਮਨੋਕਲਪਤ ਗੁਰੂ ਅਤੇ ਦੇਵੀ-ਦੇਵਤੇ **ਧਾਰ ਕੇ ਹੀ ਸੰਤੁ ਟ ਹਨ,** ਕਿ ਅਸੀਂ **ਗੁਰੂ ਵਾਲੇ** ਹਾਂ ।

ਜਨਮਾਂ-ਜਨਮਾਂ ਤੋਂ ਮਾਇਕੀ ਅਥਵਾ ਮਾਦੀ ਦੁਨੀਆਂ ਵਿਚ ਵਿਚਰਦਿਆਂ ਹੋਇਆ ਸਾਡੀ ਬਿਰਤੀ ਭੀ ਅਸਥੂਲ ਅਥਵਾ **ਮਾਦੀ ਹੋ ਚੁੱਕੀ ਹੈ ।** ਜਿਹੜੀ ਚੀ ਯਾ ਨਿਸਚਾ ਸਾਡੀ ਦ੍ਰਿ ਟੀ ਅਤੇ ਗਿਆਨ ਇੰਦਰੀਆਂ ਦੀ **ਪਕੜ** ਵਿਚ ਨਾ ਆਵੇ ਚੁ ਉਸ ਨੂੰ ਸਾਡਾ ਮਨ ਮੰਨਣ ਨੂੰ ਤਿਆਰ ਨਹੀਂ ਯਾ ਓਪਰੇ ਜਿਹੇ ਮਨ ਨਾਲ ਹੀ ਸਵੀਕਾਰ ਕਰਦਾ ਹੈ ।

ਜਿਸ ਤਰ੍ਹਾਂ ਪਿਛਲੇ ਲੇਖ ਵਿਚ ਦਸਿਆ ਜਾ ਚੁਕਿਆ ਹੈ ਕਿ **ਗੁਰੂ-ਸਤਿਗੁਰੂ** ਚੁ **ਸਬਦ** ਯਾ **ਜੋਤ ਸਰੂਪ** ਹੈ, ਜਿਸ ਨੂੰ ਸਾਡੀ **ਮਾਦੀ-ਬਿਰਤੀ** (materialistic vision) **ਪਕੜ ਨਹੀਂ ਸਕਦੀ ।** ਏਸੇ ਕਾਰਨ ਸਾਡਾ ਮਨ **ਜੋਤ ਸਰੂਪੀ ਸਬਦ ਗੁਰੂ** ਨੂੰ ਚੁ

**ਜਾਨਣ**

**ਬੁੱਝਣ**

**ਚੀਨਣ**

**ਅਨੁਭਵ**

**ਕਰਨ ਤੋਂ ਅਸਮਰਥ ਹੈ ।**

ਸਾਡੀ ਮਨ ਦੀ **ਮਾਦਾ ਬਿਰਤੀ ਕਈਆਂ ਜਨਮਾਂ ਦੇ ਅਭਿਆਸ ਨਾਲ ਦ੍ਰਿੜ ਹੋਈ ਹੈ ।** ਇਸ ਮਾਦੀ ਬਿਰਤੀ ਨੂੰ **ਅਨੁਭਵੀ ਗਿਆਨ** ਵਿਚ ਬਦਲਣ ਲਈ ਸਾਨੂੰ ਕਈ ਜਨਮਾਂ ਤਕ ਲਗਾਤਾਰ **ਸਤਿ ਸੰਗ** ਵਿਚ ਵਿਚਰਦਿਆਂ ਹੋਇਆਂ ਸਬਦ ਅਥਵਾ ਨਾਮ-ਸਿਮਰਨ **ਅਭਿਆਸ ਕਮਾਈ** ਕਰਨ ਦੀ ਲੋੜ ਹੈ ।

ਸਾਡਾ **ਗੁਰੂ** ਬਾਬਤ ਨਿਸਚਾ, ਗਿਆਨ ਅਤੇ ਜਾਣਕਾਰੀ ਚੁ

ਮਨੋ ਕਲਪਤ
ਧੁੰਧਲੀ
ਸੁਣੀ-ਸੁਣਾਈ
ਪੜ੍ਹੀ-ਪੜ੍ਹਾਈ
ਓਪਰੀ
ਅਧੂਰੀ
ਗਲਤ ਹੋ ਸਕਦੀ ਹੈ ।

ਅਸੀਂ **ਸਿਰਫ** ਉਹਨਾਂ ਪੀਰਾਂ-ਫਕੀਰਾਂ ਅਤੇ ਦੇਵੀ-ਦੇਵਤਿਆਂ ਨੂੰ ਮੰਨਦੇ ਹਾਂ, ਜਿਹੜੇ ਰਿੱਧੀਆਂ-ਸਿੱਧੀਆਂ, ਕਰਾਮਾਤਾਂ ਅਤੇ **ਨਾਟਕ-ਚੇਟਕ** ਰਾਹੀਂ ਸਾਡੇ ਮਾਇਕੀ ਸੁਆਰਥ ਪੂਰੇ ਕਰਦੇ ਹੋਣ । ਅਸੀਂ ਮਾਇਕੀ ਰੁਚੀਆਂ ਵਾਲੀਆਂ ਦਾਤਾਂ, ਦੁੱਧ-ਪੁੱਤ, ਮਾਇਆ ਅਤੇ ਤੰਦਰੁਸਤੀ ਆਦਿ ਨਾਲ ਹੀ **ਸੰਤੁ ਟ ਹੋ ਜਾਂਦੇ ਹਾਂ ।** ਹਾਂ ਜੀ! ਅਸੀਂ ਆਪਣੇ ਸੁਆਰਥ ਦੀ ਪੂਰਤੀ ਲਈ **ਮਤਲਬੀ ਯਾਰ ਹਾਂ । ਸਾਡਾ ਪਰਮਾਰਥ ਮਾਇਕੀ ਬਿਉਹਾਰ** ਹੀ ਬਣ ਗਿਆ ਹੈ । ਜੇਕਰ ਇਕ ਦੁਕਾਨ ਤੇ **ਸੌਦਾ** ਨਾ ਮਿਲੇ ਤਾਂ **ਦੂਜੀ** ਤੇ ਜਾ ਖਲੋਂਦੇ ਹਾਂ । ਆਪਣੇ ਮਨ ਦੀ ਤਸੱਲੀ ਲਈ ਜਾਂ **ਲੋਕ-ਪਚਾਰੇ ਲਈ ਗੁਰੂ ਧਾਰ ਲੈਂਦੇ ਹਾਂ,** ਪਰ ਅਸਲ ਵਿਚ ਅਸੀਂ **ਮਤਲਬ ਪ੍ਰਸਤ** ਹਾਂ । ਇਕ ਪਾਸੇ ਤਾਂ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦੇ ਹਾਂ ਅਤੇ ਮੱਥਾ ਟੇਕਦੇ ਹਾਂ ਚੁ ਦੂਜੇ ਪਾਸੇ ਆਪਣੇ **ਸੁਆਰਥ ਲਈ ਚੁ**

ਮੜ੍ਹੀਆਂ-ਮਸਾਣਾਂ
ਦੇਵੀ-ਦੇਵਤਿਆਂ
ਪੀਰਾਂ-ਫਕੀਰਾਂ
ਰਿੱਧੀਆਂ-ਸਿੱਧੀਆਂ ਵਾਲੇ ਸਾਧੂਆਂ
ਕਰਾਮਾਤਾਂ ਵਾਲੇ ਸਿੱਧਾਂ
ਭੂਤ ਵੱਸ ਕਰਨ ਵਾਲਿਆਂ

ਦੁੱਧ-ਪੁੱਤ ਬਖ ਣ ਵਾਲਿਆਂ

ਵਡ-ਵਡੇਰਿਆਂ

**ਨੂੰ ਪੂਜਦੇ ਫਿਰਦੇ ਹਾਂ ।**

ਇਥੋਂ ਤਾਈਂ ਕਿ ਆਪਣੇ ਸੁਆਰਥ ਲਈ ਵ ੀਰਾਂ ਅਥਵਾ ਵੱਡੇ ਅੰਸਰਾਂ ਦਾ **ਆਸਰਾ** ਲੈਂਦੇ ਹਾਂ ਅਤੇ **ਰਿ ਵਤ-ਖੋਰੀ** ਦਾ ਹਥਿਆਰ ਵਰਤਣੋਂ ਨਹੀਂ ਝਿਜਕਦੇ ।

ਗੁਰਬਾਣੀ ਵਿਚ, ਇਸ **ਦੋ-ਚਿੱਤੇ ਵਾਲੀ ਅਵਸਥਾ** ਦੀ ਬਾਬਤ ਸਾਨੂੰ ਬੜੀ ਬਰਦਸਤ ਤਾੜਨਾ ਕੀਤੀ ਗਈ ਹੈ ਚੁ

ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥ (ਪੰਨਾ-470)

ਸਤਿਗੁਰੁ ਛੋਡਿ ਦੂਜੈ ਲਗੇ ਕਿਆ ਕਰਨਿ ਅਗੈ ਜਾਇ ॥<br>ਜਮ ਪੁਰਿ ਬਧੇ ਮਾਰੀਅਹਿ ਬਹੁਤੀ ਮਿਲੈ ਸਜਾਇ ॥ (ਪੰਨਾ-994)

ਜਿਨ੍ਾ ਨਾਉ ਸੁਹਾਗਣੀ ਤਿਨ੍ਾ ਝਾਕ ਨ ਹੋਰ ॥ (ਪੰਨਾ-1384)

ਕਹਤ ਕਬੀਰ ਸੁਨਹੁ ਰੇ ਪ੍ਰਾਨੀ ਛੋਡਹੁ ਮਨ ਕੇ ਭਰਮਾ ॥<br>ਕੇਵਲ ਨਾਮੁ ਜਪਹੁ ਰੇ ਪ੍ਰਾਨੀ ਪਰਹੁ ਏਕ ਕੀ ਸਰਨਾਂ ॥ (ਪੰਨਾ-692)

ਜਿਨ੍ਹਾਂ ਚਿਰ ਸਾਨੂੰ ਕਿਸੇ ਹੋਰ ਦੀ **ਝਾਕ ਜਾਂ ਟੇਕ** ਹੈ ਚੁ ਉਨ੍ਹਾਂ ਚਿਰ ਅਸੀਂ **ਸੁਹਾਗਣਾਂ** ਨਹੀਂ ਬਣ ਸਕਦੀਆਂ ਅਤੇ ਇਕੋ ਸੱਚੇ ਸੁੱਚੇ ਸਤਿਗੁਰੂ ਉਤੇ ਪੂਰਨ ਰਧਾ ਨਹੀਂ ਹੁੰਦੀ, ਐਵੇਂ ਮੱਥਾ ਟੇਕ ਛੱਡਦੇ ਹਾਂ । ਇਸ ਤਰ੍ਹਾਂ ਸਾਡੀ ਹਾਲਤ **ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ** ਵਾਲੀ ਹੋ ਗਈ ਹੈ ।

ਗੁਰਪੁਰਬਾਂ ਉਤੇ ਅਸੀਂ ਗੁਰੂ ਸਾਹਿਬਾਂ ਦੇ ਅਵਤਾਰ ਧਾਰਨ ਦੀਆਂ ਤਰੀਕਾਂ, ਬੰਸਾਵਲੀ ਅਤੇ ਸੁਣੀਆਂ-ਸੁਣਾਈਆਂ, ਪੜ੍ਹੀਆਂ-ਪੜ੍ਹਾਈਆਂ ਕੁਝ ਕੁ ਬਾਹਰਮੁਖੀ **ਮਾਇਕੀ ਮੰਡਲ ਦੇ ਕੌਤਕਾਂ ਜਾਂ ਕਰਾਮਾਤਾਂ** ਦਾ ਹੀ ਿ ਕਰ ਕਰ ਛਡਦੇ ਹਾਂ, ਕਿਉਂਕਿ ਗੁਰੂ ਸਾਹਿਬਾਂ ਦੇ ਅਸਲੀ ਬੇਅੰਤ **ਇਲਾਹੀ ਗੁਣਾਂ ਅਤੇ ਕਤੀਆਂ ਤੋਂ ਅਸੀਂ ਅਣਜਾਣ ਹਾਂ ।** ਬਾਹਰਮੁਖੀ ਮੰਡਲ ਦੇ ਕੌਤਕ ਜਾਂ ਕਰਾਮਾਤਾਂ ਤਾਂ ਗੁਰੂ ਸਾਹਿਬਾਂ ਦੀ ਇਲਾਹੀ ਕਤੀ ਵਿਚੋਂ ਸੂਰਜ ਦੀਆਂ ਕਿਰਨਾਂ ਵਾਂਗ, ਬੇਅੰਤ **ਆਤਮਿਕ ਕਿਰਨਾਂ ਦੇ ਟਾਵੇਂ-ਟਾਵੇਂ ਬਾਹਰਮੁਖੀ ਪ੍ਰਗਟਾਵੇ ਹੀ ਹਨ ।**

ਗੁਰੂ ਸਾਹਿਬ ਜੀ ਸਰਬ-ਕਲਾ ਸਮਰਥ ਹਨ ਅਤੇ ਸੂਰਜ ਦੀਆਂ ਕਿਰਨਾਂ ਵਾਂਗ **ਗੁਰ ਪ੍ਰਸਾਦਿ** (Grace) ਰੂਪੀ, ਹਰ ਇਕ **ਇਲਾਹੀ ਕਿਰਨ ਵਿਚੋਂ ਸਹਿਜ-ਸੁਭਾਇ ਅਨੇਕਾਂ ਕੌਤਕ,** ਕਰਾਮਾਤਾਂ ਜਾਂ ਚਲਤ , ਖਿਨ-ਖਿਨ, ਨਿਮਖ-ਨਿਮਖ **ਸਦੀਵੀ ਵਰਤ ਰਹੇ ਹਨ।** ਇਸ ਤਰ੍ਹਾਂ ਗੁਰੂ ਸਾਹਿਬਾਂ ਦੀ, ਮਿਹਰਾਂ ਅਤੇ ਬਖਿ ਾਂ, ਉਨ੍ਹਾ ਦੀ

**ਤਕਣੀ , ਛੋਹ , ਨਦਰ ਕਰਮ , ਚਰਨ ਧੂੜ** ਰੋਮ-ਰੋਮ ਵਿਚੋਂ ਨਿਕਲਦੀਆਂ ਇਲਾਹੀ ਕਿਰਨਾਂ (Divine vibrations) ਦੁਆਰਾ ਬੇਅੰਤ ਕੌਤਕ, ਕਰਾਮਾਤਾਂ ਜਾਂ ਚਲਤ ਸਹਿਜ-ਸੁਭਾਇ ਵਰਤਦੇ ਰਹਿੰਦੇ ਹਨ । ਪਰ ਗੁਰੂ ਸਾਹਿਬਾਨ ਦੇ ਬੇਅੰਤ **ਚਲਤ** ਜਾਂ ਕਰਾਮਾਤਾਂ ਵਿਚੋਂ ਬਹੁਤ ਹੀ ਥੋੜੀਆਂ, ਟਾਵੀਆਂ-ਟਾਵੀਆਂ **ਸਾਖੀਆਂ** ਹੀ ਸਿੱਖ ਇਤਿਹਾਸ ਵਿਚ ਪ੍ਰਚਲਤ ਹਨ । ਬਾਕੀ ਅਨੰਤ ਅਤੇ ਬੇਅੰਤ, ਗੁੱਝੇ, ਅਦ੍ਰਿਟ ਅੰਤ੍ਰ-ਆਤਮੇ ਇਲਾਹੀ ਚੁ

ਗੁਰੂ-ਕੌਤਕ
ਗੁਰੂ-ਚਲਤ
ਅੰਮ੍ਰਿਤ-ਕਲਾ
ਆਤਮਿਕ ਤੀਰ
ਇਲਾਹੀ ਬਾਣ
ਚੋਜ ਵਿਡਾਣੀ
ਪ੍ਰੇਮ-ਬਾਣੀ

ਜਿਨ੍ਹਾਂ ਨਾਲ ਬੇਅੰਤ ਜਗਿਆਸੂਆਂ ਦੀਆਂ ਰੂਹਾਂ ਨੂੰ **ਆਤਮਿਕ ਸੇਧ ਤੇ ਸਿੱਖੀ ਜੀਵਨ ਪ੍ਰਦਾਨ ਹੋਇਆਂ ਤੋਂ ਅਸੀਂ ਅਣਜਾਣ, ਅਵੇਸਲੇ ਅਤੇ ਵਾਂਝੇ ਹਾਂ ।**

ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥ (ਪੰਨਾ-462)

ਕ੍ਰਿਪਾ ਕਟਾਖ੍ਹ ਅਵਲੋਕਨੁ ਕੀਨੋ ਦਾਸ ਕਾ ਦੂਖੁ ਬਿਦਾਰਿਓ ॥ (ਪੰਨਾ-681)

ਜਿਸ ਅਪਰ-ਅਪਾਰ **ਇਲਾਹੀ ਮੰਡਲ** ਵਿਚੋਂ, ਇਹ ਬਾਹਰਮੁਖੀ ਕੌਤਕ ਜਾਂ ਕਰਾਮਾਤਾਂ ਉਪਜਦੀਆਂ ਹਨ, ਉਸ ਹੁਕਮ , ਸਬਦ , ਨਾਮ , ਗੁਰਪ੍ਰਸਾਦਿ , **ਨਦਰ ਕਰਮ , ਚਰਨ ਛੋਹ ਦੀ ਬਾਬਤ ਸਾਨੂੰ ਚੁ**

ਪਤਾ ਹੀ ਨਹੀਂ
ਸਮਝ ਹੀ ਨਹੀਂ
ਗਿਆਨ ਹੀ ਨਹੀਂ
ਲੋੜ ਹੀ ਨਹੀਂ
ਖੋਜ ਹੀ ਨਹੀਂ ।

ਇਸੇ ਕਾਰਨ ਅਸੀਂ ਆਪੋ-ਆਪਣੀ **ਸੀਮਤ ਬੁਧੀ** ਤੋਂ ਉਪਜੀ ਮਨੋ-ਕਲਪਤ **ਕਸਵੱਟੀ** ਨਾਲ ਹੀ ਗੁਰੂ ਸਾਹਿਬਾਨ ਦੀਆਂ ਇਲਾਹੀ ਹਸਤੀਆਂ ਨੂੰ **ਪਰਖਦੇ** ਹਾਂ ਅਤੇ ਇਲਾਹੀ ਖਸੀਅਤ ਨੂੰ ਸਿਰੰ ਇਹਨਾਂ **ਮਾਇਕੀ ਮੰਡਲ ਦੀਆਂ ਕਰਾਮਾਤਾਂ ਤਾਈਂ**

**ਸੀਮਤ ਰਖਦੇ ਹਾਂ** ਅਤੇ ਆਪੋ-ਆਪਣੀ ਬੁੱਧੀ ਦੇ ਦਾਇਰੇ ਤਾਈਂ **ਮਹਿਦੂਦ** ਕਰ ਦਿੰਦੇ ਹਾਂ । ਇਉਂ ਅਸੀਂ ਗੁਰੂ ਸਾਹਿਬਾਂ ਦੀ ਅਪਰ-ਅਪਾਰ ਖਸੀਅਤ ਨੂੰ ਆਪਣੀ ਸੀਮਤ ਬੁੱਧੀ ਦੀ ਧੁੰਧਲੀ ਜਾਂ **ਮੈਲੀ ਕਸਵੱਟੀ** ਨਾਲ ਪਰਖ ਕੇ ਅਣਜਾਣੇ ਹੀ, ਆਪਣੀ ਅਗਿਆਨਤਾ ਵਿਚ ਗੁਰੂ ਸਾਹਿਬਾਂ ਦੀ **ਛੁਟਿਆਈ ਜਾਂ ਨਿਰਾਦਰੀ** ਕਰ ਬੈਠਦੇ ਹਾਂ।

ਉਪਰਲੀ ਵਿਚਾਰ ਨੂੰ ਅੰਗਰੇ ੀ ਵਿਚ ਇਉਂ ਦਰਸਾਇਆ ਜਾ ਸਕਦਾ ਹੈ ਚੁ

We are 'extroverts', and as such, we can see, feel and appreciate only the un-common, un-usual 'exoteric' psychic phenomena, and call them 'Miracles'.

To 'confine' the greatness of Gurus to a few exoteric phenomena is '**to limit'** their Divine Power and Glory. Thus, in our ignorance, we unconsciously depreciate the Divinity of Gurus!

In this way, we fail to grasp and appreciate' the sublime Divine Glory and Grace of the Gurus and thereby 'deprive ourselves' of the inner intuitional inspiration and experience of the ਚੁ

'real'
awe-striking
vibrating
thrilling
intoxicating
ecstatic

'Esoteric Wonders' of Divine Blessings, Grace and Love, which are incessantly and continuously,

permeating
engulfing
flowing through, and
manifesting

in every particle of the Cosmos with the benevolent Grace of the Lord through **His WORD and WILL!**

ਗੁਰਬਾਣੀ ਵਿਚ ਸੱਚੇ ਗੁਰੂ ਦੀ **ਵਡਿਆਈ ਤੇ ਪਰਖ** ਇਉਂ ਦੱਸੀ ਹੈ ਚੁ

ਗੁਰੁ ਸਮਰਥੁ ਅਪਾਰੁ ਗੁਰੁ ਵਡਭਾਗੀ ਦਰਸਨੁ ਹੋਇ ॥
ਗੁਰੁ ਅਗੋਚਰੁ ਨਿਰਮਲਾ ਗੁਰ ਜੇਵਡੁ ਅਵਰੁ ਨ ਕੋਇ ॥

ਗੁਰੁ ਕਰਤਾ ਗੁਰੁ ਕਰਣਹਾਰੁ ਗੁਰਮੁਖਿ ਸਚੀ ਸੋਇ ॥
ਗੁਰ ਤੇ ਬਾਹਰਿ ਕਿਛੁ ਨਹੀ ਗੁਰੁ ਕੀਤਾ ਲੋੜੇ ਸੁ ਹੋਇ ॥
ਗੁਰੁ ਤੀਰਥੁ ਗੁਰੁ ਪਾਰਜਾਤੁ ਗੁਰੁ ਮਨਸਾ ਪੂਰਣਹਾਰੁ ॥
ਗੁਰੁ ਦਾਤਾ ਹਰਿ ਨਾਮੁ ਦੇਇ ਉਧਰੈ ਸਭੁ ਸੰਸਾਰੁ ॥
ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ ॥
ਗੁਰ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ ॥ (ਪੰਨਾ–52)

ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥
ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ ॥ (ਪੰਨਾ–168)

ਵਾਹੁ ਵਾਹੁ ਸਤਿਗੁਰੁ ਸਤਿ ਪੁਰਖੁ ਹੈ ਜਿਸ ਨੋ ਸਮਤੁ ਸਭ ਕੋਇ ॥
ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ ਜਿਸੁ ਨਿੰਦਾ ਉਸਤਤਿ ਤੁਲਿ ਹੋਇ ॥
ਵਾਹੁ ਵਾਹੁ ਸਤਿਗੁਰੁ ਸੁਜਾਣੁ ਹੈ ਜਿਸੁ ਅੰਤਰਿ ਬ੍ਰਹਮੁ ਵੀਚਾਰੁ ॥
ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ ਜਿਸੁ ਅੰਤੁ ਨ ਪਾਰਾਵਾਰੁ ॥
ਵਾਹੁ ਵਾਹੁ ਸਤਿਗੁਰੂ ਹੈ ਜਿ ਸਚੁ ਦ੍ਰਿੜਾਏ ਸੋਇ ॥
ਨਾਨਕ ਸਤਿਗੁਰ ਵਾਹੁ ਵਾਹੁ ਜਿਸ ਤੇ ਨਾਮੁ ਪਰਾਪਤਿ ਹੋਇ ॥ (ਪੰਨਾ–1421)

**ਸੂਰਜ ਦੀਆਂ ਕਿਰਨਾਂ ਵਾਂਗ ਸਤਿਗੁਰੂ ਜੀ ਚੁ**

ਨਦਰ–ਕਰਮ
ਬਖf
ਗੁਰ ਪ੍ਰਸਾਦਿ
ਪ੍ਰੀਤ
ਪ੍ਰੇਮ
ਰਸ
ਰੰਗ
ਚਾਉ
ਛੋਹ

ਦੀਆਂ ਇਲਾਹੀ **ਬਦ ਰੂਪ ਕਿਰਨਾਂ ਵਿਚ ਭੀ ਚੁ**

ਅਚਰਜ ਕਲਾ
ਬਿਸਮਾਦੀ ਕੌਤਕ
ਨਿਤ–ਨਵੇਂ ਚਲਤ

ਅਨਤ ਤਰੰਗਾਂ
ਵਾਹ-ਵਾਹੁ
ਉਮਾਹ

ਆਦਿ ਦੇ ਗੁਣ ਦਿਨ-ਰਾਤ, ਖਿਨ-ਖਿਨ, ਪਲ-ਪਲ, **ਨਿਮਖ-ਨਿਮਖ ਕੁਦਰਤ ਦੇ ੱਰੇ- ੱਰੇ ਵਿਚ ਪ੍ਰਵੇ ਹੋ ਕੇ, ਓਤ-ਪੋਤ ਰਵਿ ਰਹੇ ਹਨ** ਅਤੇ **ਬਲਿਹਾਰੀ ਕੁਦਰਤਿ ਵਸਿਆ** ਅਨੁਸਾਰ ਕੁਦਰਤ ਦੇ ਹਰ ਦਰ ਨ ਵਿਚ ਸਦੀਵੀ **ਪ੍ਰਕਾ ਤ ਹੋ ਰਹੇ ਹਨ** ।

**ਪਰ ਸਾਡੇ ਕੋਲ ਸਤਿਗੁਰੂ ਦੇ ਇਹਨਾਂ ਅਚਰਜ, ਵਿਸਮਾਦੀ, ਗੁੱਝੇ ਕੌਤਕਾਂ ਨੂੰ ਚੁ**

ਵੇਖਣ ਵਾਲੀ ਅੱਖ ਨਹੀਂ
ਸਮਝਣ ਵਾਲੀ ਬੁੱਧੀ ਨਹੀਂ
ਬੁੱਝਣ ਵਾਲਾ ਗਿਆਨ ਨਹੀਂ
ਚੀਨਣ ਵਾਲਾ ਅਨੁਭਵ ਨਹੀਂ
ਮਾਣਨ ਵਾਲਾ ਹਿਰਦਾ ਨਹੀਂ
ਦਾਤ ਲਈ ਭਾਂਡਾ ਨਹੀਂ ।

ਗੁਰਬਾਣੀ ਵਿਚ **ਗੁਰੂ ਦੀ ਵਡਿਆਈ, ਮਹੱਤਤਾ ਅਤੇ ਲੋੜ** ਇਉਂ ਦਰਸਾਇਆ ਹੈ ਚੁ

ਬਿਨੁ ਗੁਰ ਮਨੂਆ ਨਾ ਟਿਕੈ ਫਿਰਿ ਫਿਰਿ ਜੂਨੀ ਪਾਇ ॥ (ਪੰਨਾ-313)

ਡੀਗਨ ਡੋਲਾ ਤਊ ਲਉ ਜਉ ਮਨ ਕੇ ਭਰਮਾ ॥
ਭ੍ਰਮ ਕਾਟੇ ਗੁਰਿ ਆਪਨੈ ਪਾਏ ਬਿਸਰਾਮਾ ॥ (ਪੰਨਾ-400)

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥ (ਪੰਨਾ-463)

ਗੁਰ ਗਿਆਨ ਅੰਜਨੁ ਸਤਿਗੁਰੂ ਪਾਇਆ ਅਗਿਆਨ ਅੰਧੇਰ ਬਿਨਾਸੇ॥ (ਪੰ.-573)

ਮਤ ਕੋ ਭਰਮਿ ਭੁਲੈ ਸੰਸਾਰਿ ॥
ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥.......
ਗੁਰੁ ਕਰਤਾ ਗੁਰੁ ਕਰਣੈ ਜੋਗੁ ॥
ਗੁਰ ਪਰਮੇਸਰੁ ਹੈ ਭੀ ਹੋਗੁ ॥
ਕਹੁ ਨਾਨਕ ਪ੍ਰਭਿ ਇਹੈ ਜਨਾਈ ॥
ਬਿਨੁ ਗੁਰ ਮੁਕਤਿ ਨ ਪਾਈਐ ਭਾਈ ॥ (ਪੰਨਾ-864)

ਰਤਨੁ ਜਵੇਹਰੁ ਲਾਲੁ ਹਰਿ ਨਾਮਾ ਗੁਰਿ ਕਾਢਿ ਤਲੀ ਦਿਖਲਾਇਆ॥
(ਪੰਨਾ-880)

ਐਸਾ ਸਤਿਗੁਰੁ ਲੋੜਿ ਲਹੁ ਜਿਸੁ ਜੇਵਡੁ ਅਵਰੁ ਨ ਕੋਇ ॥
ਤਿਸੁ ਸਰਣਾਈ ਛੂਟੀਐ ਲੇਖਾ ਮੰਗੈ ਨ ਕੋਇ ॥ (ਪੰਨਾ-1089)

ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ ॥
ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ ॥ (ਪੰਨਾ-1399)

ਆਦਿ ਅੰਤਿ ਏਕੈ ਅਵਤਾਰਾ ॥
ਸੋਈ ਗੁਰੂ ਸਮਝਿਯਹੁ ਹਮਾਰਾ ॥ (ਚੌਪਈ ਪਾ:10)

ਹਾਂ ਜੀ! ਗੁਰਬਾਣੀ ਅਨੁਸਾਰ **ਸਤਿਗੁਰੂ ਤਾਂ ਚੁ**

ਗੁਣੀ ਨਿਧਾਨ ਹੈ
ਪੂਰਾ ਗੁਰੂ ਹੈ
ਪੂਰਾ ਵੈਦ ਹੈ
ਸੁਖ ਸਾਗਰ ਹੈ
ਸਚਾ ਪਾਤ ਾਹ ਹੈ
ਸਦ ਬਖਸਿੰਦ ਹੈ
ਸਦਾ ਮਿਹਰਵਾਨ ਹੈ
ਪੂਰਾ ਾਹ ਹੈ
ਕਰਤਾ ਪੁਰਖ ਹੈ
ਪੁਰਖ ਅਗੰਮ ਹੈ
ਪੁਰਖ ਬਿਧਾਤਾ ਹੈ
ਦਇਆ ਨਿਧਿ ਹੈ
ਪਾਰਸ ਹੈ
ਸਚ ਦਾਤਾਰ ਹੈ
ਭਗਤ ਵਛਲ ਹੈ
ਬਾਵਨ ਚੰਦਨ ਹੈ
ਪੂਰਾ ਪਾਰਜਾਤ ਹੈ
ਮਾਨ ਸਰੋਵਰ ਹੈ
ਤੀਰਥ ਦਰੀਆਉ ਹੈ
ਬੰਦੀ ਛੋੜ ਹੈ

ਸਭਸ ਕਾ ਦਾਤਾ ਹੈ
ਸਰਬ ਪ੍ਰਤਿਪਾਲੇ ਹੈ
ਸਰਬ ਨਿਧਾਨ ਦਾਤ ਦੇਤ ਹੈ
ਮਾਰਿ ਜੀਵਾਲੇ ਹੈ
ਅੰਤੀ ਅਉਸਰ ਲਏ ਛਡਾਇ ਹੈ
ਅਉਗਣ ਕੋ ਨ ਚਿਤਾਰੇ ਹੈ
ਨਿੰਦਕ, ਦੋਖੀ, ਬੇਮੁਖ ਤਾਰੇ ਹੈ
ਵਡੇ ਅਜਾਨ ਮੁਗਧ ਨਿਸਤਾਰੇ ਹੈ
ਬਾਂਹ ਪਕੜ ਅੰਧਲੇ ਉਧਾਰੇ ਹੈ
ਨਿਮਾਣਿਆਂ ਦਾ ਮਾਣ ਹੈ
ਨਿਤਾਣਿਆਂ ਦਾ ਤਾਣ ਹੈ
ਨਿਆਸਰਿਆਂ ਦਾ ਆਸਰਾ ਹੈ
ਨਿਥਾਵਿਆਂ ਦਾ ਥਾਉਂ ਹੈ
ਨਿਪੱਤਿਆਂ ਦੀ ਪੱਤ ਹੈ
ਨਿਗੱਤਿਆਂ ਦੀ ਗੱਤ ਹੈ
ਪਤਿਤ ਪਾਵਨ ਹੈ
ਦੁਖ ਭੰਜਨ ਹੈ
ਨਿਰਭਉ ਹੈ
ਨਿਰਵੈਰ ਹੈ
ਸਬਦ ਹੈ
ਨਾਮ ਹੈ
ਆਪੇ-ਆਪ ਹੈ ।

ਹਾਂ ਜੀ! **ਐਸਾ ਸਤਿਗੁਰੁ ਲੋੜਿ ਲਹੁ , ਜੋ ਚੁ**

ਨਾਲ ਹੋਵੰਦਾ
ਲਹਿ ਨ ਸਕੰਦਾ
ਸਦਾ ਅੰਗ ਸੰਗੇ
ਹਾਥ ਪੈ ਨੇਰੈ
ਅੰਗ ਸੰਗ ਮੌਲਾ
ਅੰਗ ਅੰਗ ਸੁਖਦਾਈ
ਰਖੈ ਜੀਅ ਨਾਲੈ

ਸਾਚ ਦ੍ਰਿੜਾਵੈ
ਅਕਥ ਕਥਾਵੈ
ਸਬਦ ਮਿਲਾਵੈ
ਲਾਡ ਲਡਾਵੈ
ਖੇਲ ਖਿਲਾਵੈ
ਪ੍ਰਤਿਪਾਲੈ
ਨਿਤ ਸਾਰ ਸਮਾਲੈ
ਅਨਦ ਬਿਨੋਦੀ
ਪ੍ਰੇਮ ਪੁਰਖ
ਅਤਿ ਪ੍ਰੀਤਮ
ਅਤਿ ਸੁੰਦਰ
ਮਨ ਮੋਹਣਾ
ਘਟ ਸੋਹਣਾ
ਮਿਠ ਬੋਲੜਾ
ਕਦੇ ਨ ਬੋਲੇ ਕਉੜਾ
ਅੰਮ੍ਰਿਤ ਦਾਤਾ
ਸਾਕੀ ਹੋਇ ਪਿਲਾਵਣ ਹਾਰਾ
ਅਨਹਦ ਸਬਦ
ਅਨਹਦ ਬਾਣੀ
ਅਨਹਦ ਧੁਨੀ
ਰੁਣਝੁਣ ਨਾਮ
ਨਾਮ-ਦਾਤਾ
ਮਾਤ-ਪਿਤਾ
ਰਸ-ਦਾਤਾ ਹੈ ।

**ਤਾਂ ਤੇ ਐਸੇ ਗੁਰ ਕਉ ਚੁ**

ਬਲਿ ਬਲਿ ਜਾਈ
ਲਖ ਲਖ ਲਖ ਬਰੀਆ
ਘੋਲਿ ਘੁਮਾਈ
ਸਦਾ ਸਦਾ ਕੁਰਬਾਣੀ

ਵਾਰ ਵਾਰ ਜਾਉ
ਬਲਿਹਾਰੀ ਜਾਉ
ਤਨ ਮਨ ਧਨ ਅਰਪਉ
ਝੁਲਾਵਉ ਪਾਖਾ
ਸਿਮਰਉ ਸਾਸਿ ਸਾਸਿ
ਚਰਨ ਧੋਇ ਧੋਇ ਪੀਵਾਂ
ਗ੍ਰਿਹਿ ਢੋਵਉ ਪਾਣੀ
ਗ੍ਰਿਹਿ ਪੀਸਉ ਨੀਤਿ
ਸਿਰ ਬੇਚਉ
ਹੁਕਮ ਮਾਨਉ
ਵਡਾ ਕਰਿ ਸਾਲਾਹੀਐ

**ਜਿਨ ਚੁ**

ਭਰਮ ਗੜ੍ਹ ਤੋੜਿਆ
ਹਰਿ ਸਿਉ ਜੋੜਿਆ
ਹਰਿ ਨਾਮ ਦ੍ਰਿੜਾਇਆ
ਅਲੱਖ ਲਖਾਇਆ
ਹਰਿ ਪੰਥ ਬਤਾਇਆ
ਮੋਹ ਅੰਧੇਰ ਚੁਕਾਇਆ
ਭਗਤਿ ਭੰਡਾਰ ਬਖ਼ਸ਼ਿਆ
ਮਹਾ ਅਗਨਿ ਤੇ ਰਾਖਿਆ
ਵੈਰੀ ਮਿਤ੍ਰ ਸਮ ਦ੍ਰਿਸਟਿ ਦਿਖਾਈ
ਹਰਿ ਉਪਦੇਸ ਦੇ ਕੀਏ ਸਿਆਣੇ
ਪ੍ਰੇਮ ਬਾਣੀ ਮਨ ਮਾਰਿਆ

ਨਦਰਿ ਨਿਹਾਲਿਆ
ਸੂਕੇ ਹਰੇ ਕੀਏ ਖਿਨ ਮਾਹਿ
ਮਾਣਸ ਤੇ ਦੇਵਤੇ ਕੀਏ
ਆਪਣੀ ਸੇਵਾ ਲਾਇਆ
ਵਿਚਹੁ ਮਾਰਿ ਕਢੀਆ ਬੁਰਿਆਈਆ
ਥਾਪੀ ਦਿਤੀ ਕੰਡ ਜੀਉ
ਅਬਿਚਲ ਰਾਜ ਬੈਠਾਇਆ ।

ਹਮ ਸਬਦਿ ਮੁਏ ਸਬਦਿ ਮਾਰਿ ਜੀਵਾਲੇ ਭਾਈ ਸਬਦੇ ਹੀ ਮੁਕਤਿ ਪਾਈ ॥
ਸਬਦੇ ਮਨੁ ਤਨੁ ਨਿਰਮਲੁ ਹੋਆ ਹਰਿ ਵਸਿਆ ਮਨਿ ਆਈ ॥
ਸਬਦੁ ਗੁਰ ਦਾਤਾ ਜਿਤੁ ਮਨੁ ਰਾਤਾ ਹਰਿ ਸਿਉ ਰਹਿਆ ਸਮਾਈ ॥ (ਪੰ.-601)

ਸਬਦੁ ਗੁਰੂ ਪਰਕਾਸਿਓ ਹਰਿ ਰਸਨ ਬਸਾਯਉ ॥ (ਪੰਨਾ-1407)

ਸਬਦੁ ਗੁਰੂ ਗੁਰੁ ਵਾਹੁ ਗੁਰਮੁਖਿ ਪਾਇਆ ।
ਚੇਲਾ ਸੁਰਤਿ ਸਮਾਹੁ ਅਲਖੁ ਲਖਾਇਆ । (ਵਾ.ਭਾ.ਗੁ. 3/4)

ਐਸਾ ਗੁਰੂ **ਸਾਧ ਸੰਗਤ** ਰੂਪੀ ਸਚਖੰਡ ਵਿਚ ਵਸਦਾ ਹੈ ਅਤੇ ਜਗਿਆਸੂਆਂ ਉਤੇ ਆਤਮਿਕ ਰਸ-ਰੰਗ ਦੀ ਬਖ਼ਸ਼ ਕਰਦਾ ਹੈ ਚੁ

ਸਤਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ ॥
ਧਨੁ ਧੰਨੁ ਸੁ ਰਸਨਾ ਧੰਨੁ ਕਰ ਧੰਨੁ ਸੁ ਪਾਧਾ ਸਤਿਗੁਰੂ
ਜਿਤੁ ਮਿਲਿ ਹਰਿ ਲੇਖਾ ਲਿਖਾ ॥ (ਪੰਨਾ-1316)

ਸਾਧਸੰਗਤਿ ਸਚੁ ਖੰਡ ਵਿਚਿ ਸਤਿਗੁਰ ਪੁਰਖੁ ਵਸੈ ਨਿਰੰਕਾਰਾ ।
(ਵਾ.ਭਾ.ਗੁ. 6/4)

ਸਤਿਗੁਰ ਸਚਾ ਪਾਤਿਸਾਹੁ ਪਾਤਿਸਾਹਾਂ ਪਾਤਿਸਾਹੁ ਜੁਹਾਰੀ ।
ਸਾਧਸੰਗਤਿ ਸਚਿ ਖੰਡੁ ਹੈ ਆਇ ਝਰੋਖੈ ਖੋਲੈ ਬਾਰੀ । (ਵਾ.ਭਾ.ਗੁ.11/1)

ਸਾਡਾ **ਅਤਿ ਪ੍ਰੀਤਮ ਸਤਿਗੁਰੂ ਸਾਕੀ ਬਣ ਕੇ** ਸਾਨੂੰ ਅੰਤਰ-ਆਤਮੇ **ਪਿਰਮ-ਪਿਆਲੇ** ਅਤੇ **ਅੰਮ੍ਰਿਤ-ਨਾਮ ਭੋਜਨ ਦਿਨ ਰਾਤ ਛਕਾਉਂਦਾ ਹੈ** ਅਤੇ ਅਸੀਂ **ਪਿਰਮ-ਰਸ ਵਿਚ ਅਲਮਸਤ ਮਤਵਾਰੇ ਹੋ ਕੇ ਖੀਵੇ ਹੁੰਦੇ ਹਾਂ ।**

ਪਾਤਿਸਾਹਾਂ ਦੀ ਮਜਲਸੈ ਪਿਰਮੁ ਪਿਆਲਾ ਪੀਵਣ ਭਾਰੀ ।
**ਸਾਕੀ ਹੋਇ ਪੀਲਾਵਣਾ ਉਲਸ ਪਿਆਲੈ ਖਰੀ ਖੁਮਾਰੀ ।**
ਭਾਇ ਭਗਤਿ ਭੈ ਚਲਣਾ ਮਸਤ ਅਲਮਸਤ ਸਦਾ ਹੁਸਿਆਰੀ ।
ਭਗਤ ਵਛਲੁ ਹੋਇ ਭਗਤਿ ਭੰਡਾਰੀ । (ਵਾ.ਭਾ.ਗੁ.11/1)

ਪ੍ਰੇਮ ਦੀ ਇਹ **ਅਕਥ ਕਹਾਣੀ ਗ਼ ਪ੍ਰਿਮ-ਖੇਲ ਚੁ** ਅੰਤ੍ਰ-ਮੁਖੀ ਤੇ ਅਤਿ ਸੂਖਮ ਹੈ, ਜੋ ਗੁਰਮੁਖ ਪਿਆਰਿਆਂ ਬਖ਼ਸ਼ਿਆਂ ਹੋਇਆਂ ਮਹਾਂਪੁਰਖਾਂ ਦੀ ਸੰਗਤ ਅਥਵਾ ਸਾਧ-ਸੰਗਤ ਵਿਚ ਵਿਚਰਦਿਆਂ ਹੋਇਆਂ, **ਨਾਮ ਅਭਿਆਸ ਕਮਾਈ** ਨਾਲ ਹੀ **ਅਨੁਭਵ** ਕੀਤੀ ਤੇ ਮਾਣੀ ਜਾ ਸਕਦੀ ਹੈ। ਇਸ ਤਰ੍ਹਾਂ **ਸਬਦ ਗੁਰੂ** ਸਿਰਫ ਨਾਲ ਹੀ ਨਹੀਂ

ਰਹਿੰਦਾ, ਬਲਕਿ **ਅੰਤ੍-ਆਤਮੇ, ਅੰਗ-ਸੰਗ ਮੌਲਾ ਹੋ ਕੇ ਨਿੱਘਾ ਪਿਆਰ** ਅਤੇ ਰੰਗ-ਰਸ ਬਖ ਦਾ ਹੈ ।

ਸਤਸੰਗਤਿ ਸਤਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ ॥ (ਪੰਨਾ-22)

ਗੁਰੂ ਸਾਹਿਬਾਨ ਨੇ ਸਾਨੂੰ ਬੜੀ ਉੱਚੀ-ਸੁੱਚੀ, **ਇਲਾਹੀ ਬਾਣੀ** ਬਖ ੀ ਹੈ, ਜਿਸ ਦੀ ਰੋ ਨੀ ਤੇ ਅਗਵਾਈ ਵਿਚ **ਸਤਿਸੰਗ ਤੇ ਨਾਮ ਸਿਮਰਨ ਦੁਆਰਾ** ਅਸੀਂ ਉੱਚਾ-ਸੁੱਚਾ ਆਤਮਿਕ **ਨਾਮ-ਰੰਗਣ** ਵਾਲਾ ਜੀਵਨ ਬਤੀਤ ਕਰਨਾ ਹੈ, ਜਿਸ ਦੀ **ਮਹਿਕ** (fragrance) ਨਾਲ ਅਭਿਲਾਖੀ ਰੂਹਾਂ **ਪ੍ਰਭਾਵਤ** ਹੋ ਕੇ, ਆਪੇ ਹੀ ਗੁਰ ਮਤਿ ਵਲ **ਖਿੱਚੀਆਂ** ਜਾਂਦੀਆਂ ਹਨ ।

ਇਲਾਹੀ ਗੁਰਬਾਣੀ ਦੇ **ਚਾਨਣ ਅਥਵਾ ਅਨੁਭਵੀ ਗਿਆਨ** ਨੂੰ ਦੁਨੀਆਂ ਵਿਚ ਫੈਲਾਉਣ ਦਾ ਇਹੀ ਇਕੋ-ਇਕ ਸਾਧਨ ਹੈ ।

ਤਿਸੁ ਗੁਰ ਕਉ ਹਉ ਵਾਰਿਆ ਜਿਨਿ ਹਰਿ ਕੀ ਹਰਿ ਕਥਾ ਸੁਣਾਈ ॥
ਤਿਸੁ ਗੁਰ ਕਉ ਸਦ ਬਲਿਹਾਰਣੈ ਜਿਨਿ ਹਰਿ ਸੇਵਾ ਬਣਤ ਬਣਾਈ ॥
ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ ਜਿਥੈ ਕਿਥੈ ਮੈਨੋ ਲਏ ਛਡਾਈ ॥
ਤਿਸੁ ਗੁਰ ਕਉ ਸਾਬਾਸਿ ਹੈ ਜਿਨਿ ਹਰਿ ਸੋਝੀ ਪਾਈ ॥
ਨਾਨਕੁ ਗੁਰ ਵਿਟਹੁ ਵਾਰਿਆ ਜਿਨਿ ਹਰਿ ਨਾਮੁ ਦੀਆ
ਮੇਰੇ ਮਨ ਕੀ ਆਸ ਪੁਰਾਈ ॥ (ਪੰਨਾ-588)

ਨਮਸਕਾਰੁ ਗੁਰਦੇਵ ਕੋ ਸਤਿ ਨਾਮੁ ਜਿਸੁ ਮੰਤ੍ਰ ਸੁਣਾਇਆ ।
ਭਵਜਲ ਵਿਚੋਂ ਕਢਿ ਕੈ ਮੁਕਤਿ ਪਦਾਰਥਿ ਮਾਹਿ ਸਮਾਇਆ ।
ਜਨਮ ਮਰਣ ਭਉ ਕਟਿਆ ਸੰਸਾ ਰੋਗੁ ਵਿਯੋਗੁ ਮਿਟਾਇਆ ।
ਸੰਸਾ ਇਹੁ ਸੰਸਾਰੁ ਹੈ ਜਨਮ ਮਰਨ ਵਿਚਿ ਦੁਖੁ ਸਵਾਇਆ ।
ਜਮ ਦੰਡੁ ਸਿਰੌਂ ਨਾ ਉਤਰੈ ਸਾਕਤਿ ਦੁਰਜਨ ਜਨਮੁ ਗਵਾਇਆ ।
ਚਰਨ ਗਹੇ ਗੁਰਦੇਵ ਦੇ ਸਤਿ ਸਬਦੁ ਦੇ ਮੁਕਤਿ ਕਰਾਇਆ ।
ਭਾਉ ਭਗਤਿ ਗੁਰਪੁਰਬਿ ਕਰਿ ਨਾਮੁ ਦਾਨੁ ਇਸਨਾਨੁ ਦ੍ਰਿੜ੍ਹਾਇਆ ।
ਜੇਹਾ ਬੀਉ ਤੇਹਾ ਫਲੁ ਪਾਇਆ । (ਵਾ.ਭਾ.ਗੁ 1/1)

**(ਸਮਾਪਤ)**